**ਈ-1ੲ(7,000)**

**ਪੰਜਾਬ ਸਕੂਲ ਸਿੱਖਿਆ ਬੋਰਡ**

**ਵੱਲੋਂ**

**ਸਕੱਤਰ,**
**ਪੰਜਾਬ ਸਕੂਲ ਸਿੱਖਿਆ ਬੋਰਡ,**
**ਐਸ.ਏ.ਐਸ.ਨਗਰ (ਮੋਹਾਲੀ)-160062**

**ਵੱਲ**

**ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ**
**ਸਰਕਾਰੀ/ਏਡਿਡ/ਐਫੀਲੀਏਟਿਡ,**
**ਹਾਈ/ਸੀਨੀ.ਸੈਕੰ.ਸਕੂਲ**

**ਪੱਤਰ ਨੰ: ਪਸਸਬ-ਰਜਿ-ਮਾਈ /2011-12/01-9000** **ਮਿਤੀ :ਮੋਹਾਲੀ/ 30-03-2011**

---

**ਵਿਸ਼ਾ :- ਸਾਲ/ਸੈਸ਼ਨ 2011-2012 ਲਈ ਗਿਆਰ੍ਹਵੀਂ / ਬਾਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ।**

ਸ਼੍ਰੀਮਾਨ / ਸ਼੍ਰੀਮਤੀ ਜੀ,

ਦਾਖਲਾ ਸਾਲ ਸੈਸ਼ਨ 2011-2012 ਲਈ ਦਾਖਲੇ ਸ਼ੁਰੂ ਹੋ ਰਹੇ ਹਨ। ਇਸ ਲਈ ਹੇਠ ਅਨੁਸਾਰ ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਦਰਸਾਈਆਂ ਯੋਗਤਾਵਾਂ/ਸ਼ਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ :-

**ਭਾਗ - ੳ**

**ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ**

**ਨੋਟ-:ਦਾਖਲੇ ਸੰਬੰਧੀ ਮੈਟ੍ਰਿਕ ਦਾ ਨਤੀਜਾ ਆਉਣ ਦੀ ਉਡੀਕ ਨਾ ਕੀਤੀ ਜਾਵੇ ਅਤੇ ਦਾਖਲਾ ਸ਼ਡਿਊਲ ਅਨੁਸਾਰ ਆਰਜ਼ੀ ਤੌਰ ਤੇ ਦਾਖਲੇ ਕੀਤੇ ਜਾਣ।**

ਨਿਮਨਲਿਖਿਤ ਵਿਦਿਆਰਥੀ ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਦੇ ਯੋਗ ਹਨ :-

1. ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕ ਪ੍ਰੀਖਿਆ ਪਾਸ ਕੀਤੀ ਹੋਵੇ ਜਾਂ ਕਿਸੇ ਦੂਸਰੇ ਬੋਰਡ ਤੋਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਜਿਸ ਦੀ ਸਮਾਨਤਾ ਬੋਰਡ ਪ੍ਰਵਾਨ ਕਰਦਾ ਹੋਵੇ।
2. ਜਿਨ੍ਹਾਂ ਵਿਦਿਆਰਥੀਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਮੈਟ੍ਰਿਕ ਦੀ ਪ੍ਰੀਖਿਆ ਵਿੱਚ ਕੰਪਾਰਟਮੈਂਟ/ਰੀ-ਅਪੀਅਰ ਆਈ ਹੋਵੇ।
3. ਕਿਸੇ ਵੀ ਬੋਰਡ/ ਸਮੂਹ ਨੈਸ਼ਨਲ ਓਪਨ ਸਕੂਲ, ਜਿਸ ਦੀ ਮੈਟ੍ਰਿਕ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕ ਪ੍ਰੀਖਿਆ ਦੇ ਬਰਾਬਰ ਮੰਨੀ ਜਾਂਦੀ ਹੋਵੇ, ਦੇ ਕੰਪਾਰਟਮੈਂਟ/ਰੀ-ਅਪੀਅਰ ਵਿਦਿਆਰਥੀ ਰਾਜ ਦੇ ਸਰਕਾਰੀ/ਏਡਿਡ/ਐਫਿਲੀਏਟਿਡ ਸਕੂਲਾਂ ਵਿੱਚ ਗਿਆਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਵਿਦਿਆਰਥੀ ਵਜੋਂ ਦਾਖਲੇ ਲਈ ਯੋਗ ਹਨ, ਬਸ਼ਰਤੇ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਵਿਨਿਯਮਾਂ ਵਿੱਚ ਦਰਜ ਉਪਬੰਧ ਵਾਂਗ ਮੈਟ੍ਰਿਕ ਪ੍ਰੀਖਿਆ ਪਹਿਲੇ ਦੋ ਮੌਕਿਆਂ ਵਿੱਚ ਪਾਸ ਕਰ ਲੈਂਦੇ ਹਨ।

**ਨੋਟ :- ਨਿਰਧਾਰਿਤ ਦੋ ਮੌਕਿਆਂ ਵਿੱਚ ਮੈਟ੍ਰਿਕ ਪ੍ਰੀਖਿਆ ਪਾਸ ਨਾ ਕਰਨ ਵਾਲੇ ਕੰਪਾਰਟਮੈਂਟ/ਰੀ-ਅਪੀਅਰ ਵਿਦਿਆਰਥੀ ਜੇਕਰ ਇਹ ਪ੍ਰੀਖਿਆ ਗੋਲਡਨ ਚਾਂਸ ਵਿੱਚ ਪਾਸ ਕਰਦੇ ਹਨ, ਤਾਂ ਚਾਲੂ ਸੈਸ਼ਨ ਦੌਰਾਨ ਗਿਆਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਨਹੀਂ ਹੋਣਗੇ।**

**ਭਾਗ-ਅ**

**ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ**

ਨਿਮਨਲਿਖਿਤ ਵਿਦਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਦੇ ਯੋਗ ਹਨ :

1. ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ/ਸਰਕਾਰੀ/ਏਡਿਡ ਸਕੂਲ ਤੋਂ ਗਿਆਰ੍ਹਵੀਂ ਸ਼੍ਰੇਣੀ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ।
2. ਜੋ ਵਿਦਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚੋਂ ਫੇਲ੍ਹ ਹੋਣ, ਉਹ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਤੌਰ ਤੇ ਦਾਖਲਾ ਲੈ ਸਕਦੇ ਹਨ।

3. ਸਕੂਲ ਮੁਖੀ ਇਹ ਯਕੀਨੀ ਬਨਾਉਣ ਕਿ ਬਾਰ੍ਹਵੀਂ ਦੀ ਪ੍ਰੀਖਿਆ ਲਈ ਪਹਿਲੇ ਸਮੈਸਟਰ ਦੇ ਦਾਖਲਾ ਫਾਰਮ ਭੇਜਣ ਸਮੇਂ ਹਰ ਵਿਦਿਆਰਥੀ ਨੂੰ ਦਫਤਰ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋ ਚੁੱਕਾ ਹੋਵੇ। ਸਮੇਂ ਸਿਰ ਰਜਿ ਨੰ: ਅਲਾਟ ਨਾ ਹੋਣ ਕਾਰਨ ਰੋਲ ਨੰਬਰ ਜਾਰੀ ਨਾ ਹੋਣ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।
4. ਬੋਰਡ ਵੱਲੋਂ ਜਾਰੀ ਪਹਿਲੇ ਸਮੈਸਟਰ ਦੇ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਤੋਂ ਬਾਅਦ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਕਿਸੇ ਵਿਦਿਆਰਥੀ ਨੂੰ ਦਾਖਲਾ ਨਾ ਦਿੱਤਾ ਜਾਵੇ।
5. ਬੋਰਡ ਵੱਲੋਂ ਮਿਲੀ ਪ੍ਰਵਾਨਗੀ ਅਨੁਸਾਰ ਹੀ ਹਰੇਕ ਗਰੁੱਪ ਵਿੱਚ ਵਿਦਿਆਰਥੀ ਦਾਖਲ ਕੀਤੇ ਜਾਣ।
6. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ।

## ਭਾਗ – ੲ

**ਬਾਹਰਲੇ ਬੋਰਡਾਂ ਤੋਂ ਮਾਈਗ੍ਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦੱਸੇ ਦਸਤਾਵੇਜ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ :-**

1. ੳ) ਸਬੰਧਤ ਬੋਰਡ ਦਾ ਅਸਲ ਮਾਈਗਰੇਸ਼ਨ ਸਰਟੀਫਿਕੇਟ (ਜਿਥੇ ਲਾਗੂ ਹੋਵੇ) ਭੇਜਿਆ ਜਾਵੇ।

ਅ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਹਿਲੀ ਸ਼੍ਰੇਣੀ ਪਾਸ ਕਰਨ ਦਾ ਸਰਟੀਫਿਕੇਟ / ਨਤੀਜਾ ਕਾਰਡ (ਡੀ.ਐਮ.ਸੀ.) ਸਬੰਧਤ ਸਕੂਲ ਮੁਖੀ ਤੋਂ ਤਸਦੀਕ ਕਰਵਾਕੇ ਭੇਜੀ ਜਾਵੇ।

ੲ) ਵਿਦਿਅਕ ਸ਼ੈਸ਼ਨ ਦਰਮਿਆਨ ਜਾਂ ਹੇਠਲੀ ਪ੍ਰੀਖਿਆ ਪਾਸ ਕਰਨ ਉਪਰੰਤ ਲੋੜੀਂਦੀ ਮਾਈਗ੍ਰੇਸ਼ਨ ਲਈ ਸਕੂਲ ਛੱਡਣ ਦਾ ਸਰਟੀਫਿਕੇਟ ਜਿਲ੍ਹਾ ਸਿੱਖਿਆ ਅਫਸਰ ਜਾਂ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

ਸ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ ਜੋ ਕਿ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਅਸਲ ਸਰਟੀਫਿਕੇਟਾਂ ਦੇ ਆਧਾਰ ਤੇ ਜਾਰੀ ਕੀਤਾ ਜਾਣਾ ਹੈ।

ਹ) ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਪਾਸ ਹੋਣ ਤੇ ਗਿਆਰਵੀਂ ਸ਼੍ਰੇਣੀ ਦਾ ਰਜਿ ਨੰ: ਅਲਾਟ ਕੀਤਾ ਜਾਵੇਗਾ।

**ਹੇਠਲੀ ਪ੍ਰੀਖਿਆ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਬੋਰਡਾਂ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛੱਡਕੇ ਬਾਕੀ ਬੋਰਡਾਂ ਅਤੇ ਸਮੂਹ ਨੈਸ਼ਨਲ ਓਪਨ ਸਕੂਲ ਵਾਲੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਬੋਰਡ ਦੀ ਅਕਾਦਮਿਕ ਸ਼ਾਖਾ ਤੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਪੇਸ਼ ਕੀਤੇ ਜਾਣ।**

2. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜਾਂ /ਬੋਰਡਾਂ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਨੂੰ ਕਿਸੇ ਵੀ ਸੂਰਤ ਵਿੱਚ ਗਿਆਰਵੀਂ/ਬ੍ਹਾਰਵੀਂ ਸ਼੍ਰੇਣੀ ਦੇ ਦਾਖਲੇ ਸਬੰਧੀ ਨਿਰਧਾਰਿਤ ਪ੍ਰਫਾਰਮੇ ਤੇ ਚੈਅਰਮੈਨ ਸਾਹਿਬ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੂਰਵ ਪ੍ਰਵਾਨਗੀ ਲਏ ਬਿਨਾਂ ਦਾਖਲ ਨਾ ਕੀਤਾ ਜਾਵੇ।ਮਾਈਗ੍ਰੇਸ਼ਨ ਹੋਣ ਉਪਰੰਤ ਵਿਦਿਆਰਥੀ ਨੂੰ 15 ਦਿਨ ਦੇ ਅੰਦਰ -ਅੰਦਰ ਸਕੂਲ ਵਿੱਚ ਦਾਖਲਾ ਲੈ ਲੈਣਾ ਚਾਹੀਦਾ ਹੈ। ਦਾਖਲਾ ਨਾ ਲੈਣ ਦੀ ਸੂਰਤ ਵਿੱਚ ਪ੍ਰਵਾਨਗੀ ਰੱਦ ਹੋਈ ਸਮਝੀ ਜਾਵੇਗੀ। ਰੱਦ ਹੋਈ ਪ੍ਰਵਾਨਗੀ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਹਲਾਤਾਂ ਵਿੱਚ ਦੁਬਾਰਾ ਪ੍ਰਵਾਨਗੀ ਮੁੜ ਫੀਸ ਕਮਾਂ ਕਰਵਾਉਣ ਤੇ ਹੀ ਦਿੱਤੀ ਜਾਵੇਗੀ।

## ਭਾਗ – ਸ

1) ੳ) ਸੈਸ਼ਨ ਦੌਰਾਨ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਕੋਈ ਵਿਦਿਆਰਥੀ ਸਕੂਲ ਮਾਈਗ੍ਰੇਟ ਕਰਨ ਦਾ ਚਾਹਵਾਨ ਹੋਵੇ ਤਾਂ ਦੋਵੇਂ ਸਕੂਲ ਮੁੱਖੀਆਂ ਦੀ ਸਿਫਾਰਸ਼ਾਂ ਸਹਿਤ ਉਹ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇਗਾ, ਜੇਕਰ ਉਸਦੇ ਸਕੂਲ ਲੀਵਿੰਗ ਸਰਟੀਫਿਕੇਟ ਤੇ ਰਜਿਸਟਰੇਸ਼ਨ ਨੰਬਰ ਦਰਜ ਹੈ, ਉਹ ਆਰੰਭਕ ਸਟੇਜ ਤੇ (ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੱਕ) ਕਿਸੇ ਵੀ ਸਕੂਲ ਵਿੱਚ ਦਾਖਲੇ ਲਈ ਯੋਗ ਹੈ।

ਅ) ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਬੋਰਡ ਵੱਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ ਤੋਂ ਬਿਨਾਂ ਦਾਖਲ ਨਾ ਕੀਤਾ ਜਾਵੇ। ਬੋਰਡ ਵੱਲੋਂ ਮਾਈਗ੍ਰੇਸ਼ਨ ਠੋਸ ਕਾਰਨਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

2). ਗਿਆਰ੍ਹਵੀਂ / ਬਾਰ੍ਹਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਪਹਿਲੇ ਸਮੈਸਟਰ ਦੀ ਪ੍ਰੀਖਿਆ ਸ਼ੁਰੂ ਹੋਣ ਦੀ ਮਿਤੀ ਤੋਂ 45 ਦਿਨ ਪਹਿਲਾ ਤੱਕ 600/- ਰੁ: ਫੀਸ ਨਾਲ ਕੀਤੀ ਜਾਵੇਗੀ। ਪ੍ਰੀਖਿਆ ਸ਼ੁਰੂ ਹੋਣ ਤੋਂ 30 ਦਿਨ ਪਹਿਲਾ 1000/- ਰੁ: ਫੀਸ ਨਾਲ ਅਤੇ ਪਹਿਲੇ ਸਮੈਸਟਰ ਦੀਆਂ ਪ੍ਰੀਖਿਆਵਾਂ ਤੋਂ ਬਾਅਦ ਅਤੇ ਦੂਜੇ ਸਮੈਸਅਰ ਦੌਰਾਨ 1500/-ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ-ਪਿਤਾ/ਗਾਰਡੀਅਨ ਦੀ ਟਰਾਂਸਫਰ/ਅਚਾਨਕ ਮੌਤ ਦੀ ਸੂਰਤ ਵਿੱਚ ਮਾਈਗ੍ਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਮਾਈਗ੍ਰੇਸ਼ਨ ਫਾਰਮ ਦੋਵੇਂ ਸਕੂਲ ਮੁੱਖੀਆਂ ਤੋਂ ਤਸਦੀਕ ਕਰਾਉਣਗੇ।

ਜਰੂਰੀ ਨੋਟ:- ਬਾਹਰਲੇ ਬੋਰਡਾਂ ਤੋਂ ਜਿਨ੍ਹਾਂ ਵਿੱਚ ਸਮੈਸਟਰ ਸਿਸਟਮ ਲਾਗੂ ਨਹੀਂ ਹੈ ਮਾਈਗਰੇਟ ਹੋ ਕੇ ਆਉਣ ਵਾਲੇ ਵਿਦਿਆਰਥੀਆਂ ਨੂੰ ਦੂਜੇ ਸਮੈਸਟਰ ਦੀ ਪ੍ਰੀਖਿਆ ਦੇ ਨਾਲ ਨਾਲ ਪਹਿਲੇ ਸਮੈਸਟਰ ਦੀ ਪ੍ਰੀਖਿਆ ਵੀ ਦੇਣੀ ਪਵੇਗੀ। ਇਸ ਸੰਬੰਧੀ ਸਾਰੀ ਜਿੰਮੇਵਾਰੀ ਸਕੂਲ ਮੱਖੀ ਦੀ ਹੋਵੇਗੀ।

**ਕੰਟੀਨਿਊਏਸ਼ਨ / ਰਜਿਸਟ੍ਰੇਸ਼ਨ ਫਾਰਮ ਇਸ ਸਾਲ ਲਈ ਵੱਖਰੇ ਤੌਰ ਤੇ ਨਹੀਂ ਭੇਜੇ ਜਾਣਗੇ। ਇਸ ਸਬੰਧੀ ਸਾਰੀ ਜਾਣਕਾਰੀ / ਰਿਟਰਨ ਫਾਰਮ ਬੋਰਡ ਦੀ ਵੈੱਬ ਸਾਈਟ ਤੇ ਉਪਲੱਬਧ ਕਰਵਾ ਦਿਤੇ ਜਾਣਗੇ । ਇਸ ਬਾਰੇ ਬਾਅਦ ਵਿੱਚ ਵੱਖ-ਵੱਖ ਅਖਬਾਰਾਂ ਵਿੱਚ ਪ੍ਰੈੱਸ ਨੋਟ ਰਾਹੀਂ ਸੂਚਿਤ ਕਰ ਦਿੱਤਾ ਜਾਵੇਗਾ।**

ਡਿਪਟੀ ਡਾਇਰੈਕਟਰ (ਕੰਪਿ ਸੈੱਲ)
ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।